
# ਗੁਰਮਤਿ ਪ੍ਰਕਾਸ

ਅਗਸਤ ੨੦੦੨

67

ਗ੍ਰਿਹਸਤ ਦੀ ਫੁਲਵਾੜੀ 'ਚੋਂ
ਗੁਰਮਤਿ ਦੀ ਮਹਿਕ ਆਉਣੀ ਚਾਹੀਦੀ ਹੈ...



# ਨਾਮ ਰੰਗ ਤੋਂ ਵਿਹੂਣੇ ਅਜੋਕੇ ਸੰਤ

*ਗਿਆਨੀ ਧਰਮ ਸਿੰਘ (ਨਿਹੰਗ ਸਿੰਘ)**

***ਹੁਣ ਇਹ ਸਮਝ ਨਹੀਂ ਆਉਂਦੀ ਕਿ ਅੱਜ ਆਪਣੇ ਆਪ ਨੂੰ ਸੰਤ ਕਹਾਉਣ ਵਾਲੇ ਭੇਖਧਾਰੀਆਂ ਕੋਲ ਗੁਰਮਤਿ ਦੀ ਸਮਝ ਕਿਥੋਂ ਆਈ? ਜਦ ਕਿ ਸੰਤ ਮੱਤ ਨੇ ਤਾਂ ਅੱਜ ਤਕ ਗੁਰਮਤਿ ਨੂੰ ਕਬੂਲ ਹੀ ਨਹੀਂ ਕੀਤਾ, ਉਹ ਤਾਂ ਸਗੋਂ ਗੁਰਮਤਿ ਨੂੰ ਕੁਰਾਹੇ ਪਾ ਦੇਣ ਦੇ ਉਪਰਾਲੇ ਹੀ ਕਰਦੇ ਰਹੇ ਹਨ। ਇਸੇ ਲਈ ਅੱਜ ਦੇ ਇਹ ਅਖੌਤੀ ਸੰਤ, ਜੋਗੀਆਂ ਵਾਲੀਆਂ ਗੱਲਾਂ ਹੀ ਕਰਦੇ ਹਨ। ਗੁਰਮਤਿ ਦੀ ਤਾਂ ਇਨ੍ਹਾਂ ਨੂੰ ਅਜੇ ਤਕ ਸਮਝ ਹੀ ਨਹੀਂ ਆਈ।***

*ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ॥*
*(ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੫)*

ਸਤਿਗੁਰੂ ਨਾਨਕ ਸਾਹਿਬ ਜੀ ਦੱਸਦੇ ਹਨ ਕਿ ਜਿਸ ਸ਼ਬਦ/ਗਿਆਨ ਉਪਦੇਸ਼ ਵਿਚੋਂ ਰਸ ਦੀ ਪ੍ਰਾਪਤੀ ਨਾ ਹੋਵੇ, ਉਸ ਸ਼ਬਦ ਨਾਲ ਹਉਮੈ ਅਤੇ ਤ੍ਰਿਸ਼ਨਾ ਦੀ ਪਿਆਸ ਤੋਂ ਖਹਿੜਾ ਨਹੀਂ ਛੁਟਿਆ ਕਰਦਾ। ਇਹੀ ਕਾਰਨ ਹੈ ਕਿ ਜੋਗ ਮੱਤ ਵਾਲਿਆਂ ਦੀ ਭੁੱਖ ਅਤੇ ਤ੍ਰਿਸ਼ਨਾ ਨਾ ਮਿਟਣ ਦਾ ਅਤੇ ਰਿਧੀਆਂ ਸਿਧੀਆਂ ਵੱਲ ਨੂੰ ਮੁੜ ਜਾਣ ਦਾ। ਜਿਸ ਨੂੰ ਸੱਚ ਦੇ ਉਪਦੇਸ਼ ਵਿਚ ਸੱਚ ਦਾ ਰੰਗ ਨਹੀਂ ਲੱਗਾ, ਉਸ ਨੂੰ (ਸੱਚ) ਦਾ ਰਸ ਕਿਵੇਂ ਪ੍ਰਾਪਤ ਹੋਇਆ ਮੰਨ ਸਕਦੇ ਹਾਂ? ਸਤਿਗੁਰ ਦਾ ਉਪਦੇਸ਼ ਹੀ ਉਹ ਅੰਮ੍ਰਿਤ ਹੁੰਦਾ ਹੈ, ਜਿਸ ਵਿਚ ਸੱਚ (ਨਾਮ) ਦਾ ਰੰਗ ਘੁਲ ਕੇ ਸਤਿਗੁਰੂ ਦੇ ਬਚਨਾਂ ਦੁਆਰਾ ਵਰਸਦਾ ਹੈ। ਜਿਸ ਉੱਤੇ ਇਸ ਰਸ ਦੀ ਕੋਈ ਬੂੰਦ ਹੀ ਨਾ ਡਿੱਗੀ ਹੋਏ ਤਾਂ ਕਿਵੇਂ ਮੰਨ ਲਿਆ ਜਾਵੇ ਕਿ ਉਸ ਨੂੰ ਉਪਦੇਸ਼ ਦਾ ਰੰਗ ਵੀ ਚੜ੍ਹ ਗਿਆ ਹੋਵੇਗਾ, ਜੇ ਰੰਗ ਚੜ੍ਹ ਗਿਆ ਤਾਂ ਰਸ ਵੀ ਪ੍ਰਾਪਤ ਹੋ ਗਿਆ। ਇਹੀ ਗੱਲ ਸਤਿਗੁਰੂ ਜੀ ਕਹਿ ਰਹੇ ਹਨ ਕਿ ਜਿਸ ਮੱਤ ਤੇ ਉਪਦੇਸ਼ ਵਿਚੋਂ ਰਸ ਪ੍ਰਾਪਤ ਨਹੀਂ ਹੋ ਸਕਦਾ, ਉਸ ਦਾ ਰੰਗ ਵੀ ਨਹੀਂ ਚੜ੍ਹ ਸਕਦਾ। ਜਿਸ ਸ਼ਬਦ ਨੂੰ ਅਸੀਂ ਗ੍ਰਹਿਣ ਕਰਨਾ ਹੈ, ਉਸ ਵਿਚੋਂ ਰਸ ਆਉਣਾ ਚਾਹੀਦਾ ਹੈ। ਰਸ ਤਾਂ ਕਿਸੇ ਸਾਰਥਕ (ਉਪਦੇਸ਼) ਵਿਚੋਂ ਹੀ ਆ ਸਕਦਾ ਹੈ। ਜੋਗੀ ਜਿਹੜਾ ਸ਼ਬਦ ਸੁਣਦੇ ਸਨ, ਉਹ ਖੁਦ ਆਪ ਭੀ ਉਸ ਵਿਚੋਂ ਕਿਸੇ ਰਸ ਦੀ ਪ੍ਰਾਪਤੀ ਨਹੀਂ ਸਨ ਮੰਨਦੇ। ਉਨ੍ਹਾਂ ਦਾ ਕਹਿਣਾ ਸੀ ਕਿ ਜੋਗ ਤਾਂ ਅਲੂਣੀ ਸਿਲ ਚੱਟਣ ਸਮਾਨ ਹੈ। ਅੱਜ ਭੀ ਲੋਕ ਅਜਿਹੀ ਹੀ ਧਾਰਨਾ ਦਾ ਪ੍ਰਚਾਰ ਕਰਦੇ ਹਨ। ਗੁਰਬਾਣੀ ਨੇ ਵੀ ਇਸੇ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ "ਸਿਲ ਜੋਗੁ ਅਲੂਣੀ ਚਟੀਐ।" ਪਰ ਜਿਥੋਂ ਰਸ ਦੀ ਪ੍ਰਾਪਤੀ ਨਾ ਹੋਵੇ, ਉਥੇ ਸੁਰਤ ਤਾਂ ਜੁੜ ਹੀ ਨਹੀਂ ਸਕਦੀ। ਇਹੀ ਕਾਰਨ ਸੀ ਜੋਗੀਆਂ ਦੀ ਸੁਰਤ ਦੇ ਨਾ ਜੁੜਨ ਦਾ।

** ਸੱਚ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ (ਲੁਧਿਆਣਾ) ਫੋਨ : ੦੧੬੨੮-੨੩੩੬੨*

ਗੁਰੂ ਅਮਰਦਾਸ ਜੀ ਨੇ ਜਦ ਕਿਹਾ ਸੀ—"ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ" ਤਾਂ ਉਨ੍ਹਾਂ ਨੇ ਭੀ ਇਨ੍ਹਾਂ ਅਖੌਤੀ ਸੰਤਾਂ ਦਾ ਭਾਵੇਂ ਉਹ ਜੋਗੀ ਸਨ ਜਾਂ ਵੈਸ਼ਨੂੰ ਭਗਤ, ਦੋਨਾਂ ਦਾ ਹੀ ਝੂਠ ਨੰਗਾ ਕੀਤਾ ਸੀ। ਉਨ੍ਹਾਂ ਦੱਸਿਆ ਸੀ ਕਿ ਹਿੰਦੁਸਤਾਨ ਅੰਦਰ, ਅਨੰਦ ਅਨੰਦ ਦੀਆਂ ਫੋਕੀਆਂ ਡੀਂਗਾਂ ਮਾਰਨ ਵਾਲੇ ਅਸਲੀ ਅਨੰਦ ਤੋਂ ਕੋਰੇ (ਖਾਲੀ) ਹਨ ਕਿਉਂਕਿ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਨਾਮ ਦਾ ਰਸ (ਸੱਚ ਦਾ ਰਸ) ਨਹੀਂ ਮਿਲਿਆ। ਪਰ ਅੱਜ ਸੱਚੇ ਸਤਿਗੁਰੂ ਦੇ ਮਿਲਾਪ ਤੋਂ ਮੈਨੂੰ ਅਸਲੀ ਅਨੰਦ ਦਾ ਪਤਾ ਲੱਗਿਆ ਹੈ। ਇਹ ਸੀ ਹਾਲ ਉਸ ਵੇਲੇ ਦੇ ਹਿੰਦੁਸਤਾਨ ਦੇ ਸੰਤਾਂ ਦਾ ਅਤੇ ਅੱਜ ਤਕ ਭੀ ਉਨ੍ਹਾਂ ਦੇ ਪੈਰੋਕਾਰ, ਸੰਤ ਅਖਵਾਉਣ ਵਾਲਿਆਂ ਦਾ ਇਹੀ ਹਾਲ ਹੈ ਕਿਉਂਕਿ ਇਨ੍ਹਾਂ ਲੋਕਾਂ ਦਾ ਧਰਮ ਤਾਂ ਸੱਚ ਵਿਰੋਧੀ ਪਹਿਲਾਂ ਤੋਂ ਹੀ ਹੈ। ਦਸਮ ਪਾਤਸ਼ਾਹ ਨੇ ਇਹ ਕਹਿ ਕੇ ਗੱਲ ਬਿਲਕੁਲ ਸਾਫ ਕਰ ਦਿੱਤੀ ਸੀ—"...ਸੰਤ ਸਮੂਹ ਅਨੇਕ ਮਤੀ ਕੇ— ਸਾਰੇ ਹੀ ਦੇਸ ਕੋ ਦੇਖਿ ਰਹਿਓ, ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ" ਕਿ ਹਿੰਦੁਸਤਾਨ ਦੇ ਕਿਸੇ ਸੰਤ ਕੋਲ ਅੱਜ ਦੀ ਘੜੀ ਪਰਮੇਸ਼ਰ ਦਾ ਗਿਆਨ (ਮੱਤ) ਨਹੀਂ ਹੈ। ਹੁਣ ਇਹ ਸਮਝ ਨਹੀਂ ਆਉਂਦੀ ਕਿ ਅੱਜ ਆਪਣੇ ਆਪ ਨੂੰ ਸੰਤ ਕਹਾਉਣ ਵਾਲੇ ਭੇਖਧਾਰੀਆਂ ਕੋਲ ਗੁਰਮਤਿ ਦੀ ਸਮਝ ਕਿਥੋਂ ਆਈ? ਜਦ ਕਿ ਸੰਤ ਮੱਤ ਨੇ ਤਾਂ ਅੱਜ ਤਕ ਗੁਰਮਤਿ ਨੂੰ ਕਬੂਲ ਹੀ ਨਹੀਂ ਕੀਤਾ, ਉਹ ਤਾਂ ਸਗੋਂ ਗੁਰਮਤਿ ਨੂੰ ਕੁਰਾਹੇ ਪਾ ਦੇਣ ਦੇ ਉਪਰਾਲੇ ਹੀ ਕਰਦੇ ਰਹੇ ਹਨ। ਇਸੇ ਲਈ ਅੱਜ ਦੇ ਇਹ ਅਖੌਤੀ ਸੰਤ, ਜੋਗੀਆਂ ਵਾਲੀਆਂ ਗੱਲਾਂ ਹੀ ਕਰਦੇ ਹਨ। ਗੁਰਮਤਿ ਦੀ ਤਾਂ ਇਨ੍ਹਾਂ ਨੂੰ ਅਜੇ ਤਕ ਸਮਝ ਹੀ ਨਹੀਂ ਆਈ:

*ਰੰਗਿ ਨ ਰਾਤਾ ਰਸਿ ਨਹੀ ਮਾਤਾ॥*
*ਬਿਨੁ ਗੁਰ ਸਬਦੈ ਜਲਿ ਬਲਿ ਤਾਤਾ॥*

*(ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੫)*

ਸਤਿਗੁਰੂ (ਸੱਚੇ ਨਾਮ) ਦੇ ਉਪਦੇਸ਼ ਤੋਂ ਬਿਨਾਂ, ਨਾ ਤਾਂ ਰਸ ਹੀ ਪ੍ਰਾਪਤ ਹੋ ਸਕਦਾ ਹੈ ਅਤੇ ਨਾ ਹੀ ਨਾਮ ਦਾ ਰੰਗ ਹੀ ਚੜ੍ਹ ਸਕਦਾ ਹੈ। ਉਪਦੇਸ਼ ਤੋਂ ਸੱਖਣਾ ਮਨ, ਮੋਹ, ਮਾਇਆ ਦੀ ਅੱਗ ਵਿਚ ਸੜਦਾ ਰਹਿੰਦਾ ਹੈ। ਜਿਸ ਨੇ ਸੁਰਤ ਨੂੰ ਆਪਣੇ ਹਿਰਦੇ ਵਿਚ ਟਿਕਾ ਕੇ ਨਹੀਂ ਰੱਖਿਆ, ਉਸ ਨੇ ਅੱਜ ਤਕ ਆਪਣੇ ਹਿਰਦੇ ਵਿਚਲੀ ਆਵਾਜ਼ ਨੂੰ ਸੁਣ ਕੇ ਅੱਗੇ ਦੂਸਰਿਆਂ ਨੂੰ ਬੋਲ ਕੇ ਨਹੀਂ ਦੱਸਿਆ। ਜਿਨ੍ਹਾਂ ਨੇ ਮਨ ਨੂੰ ਨਹੀਂ ਸਾਧਿਆ, ਉਨ੍ਹਾਂ ਨੂੰ ਸੱਚੇ ਨਾਮ ਦੀ ਭੁੱਖ ਨਹੀਂ ਲੱਗੀ; ਉਨ੍ਹਾਂ ਅੰਦਰ ਸੱਚ ਪ੍ਰਾਪਤੀ ਦੀ ਇੱਛਾ ਹੀ ਨਹੀਂ ਜਾਗੀ। ਜੇ ਕੋਈ ਆਪਣੇ ਹਿਰਦੇ ਵਿਚਲੇ ਸਾਚ ਸ਼ਬਦ (ਗੋਬਿੰਦ) ਨਾਲ ਸੁਰਤ ਜੋੜ ਲਵੇ ਤਾਂ ਉਸ ਨੂੰ ਅਨਹਦ ਨਾਦ ਦੀ ਅਕਥ ਕਥਾ ਪ੍ਰਾਪਤ ਹੋ ਜਾਂਦੀ ਹੈ। ਫਿਰ ਉਸ ਦੇ ਮਨ ਵਿਚ ਉਤਰਾਅ-ਚੜ੍ਹਾਅ ਨਹੀਂ ਆਉਂਦੇ। ਉਹ ਅਡੋਲ ਹੋ ਜਾਂਦਾ ਹੈ। ਇਸ ਤੋਂ ਬਾਅਦ ਹੀ ਉਸ ਨੂੰ ਆਪਣਾ ਨਿਜ ਸਰੂਪ (ਆਤਮ-ਰਾਮ) ਪ੍ਰਾਪਤ ਹੁੰਦਾ ਹੈ। ਭਾਵ ਉਸ ਦੀ ਸੁਪਨ ਅਵਸਥਾ ਖਤਮ ਹੋ ਜਾਂਦੀ ਹੈ ਅਤੇ ਉਸ ਦਾ ਸੁਪਨਾ ਦੇਖ ਰਿਹਾ ਮਨ ਆਪਣੇ ਸਤ ਸਰੂਪ ਵਿਚ ਅਭੇਦ ਹੋ ਜਾਂਦਾ ਹੈ।

*ਗੁਰ ਪਰਸਾਦੀ ਰੰਗੇ ਰਾਤਾ॥ ਅੰਮ੍ਰਿਤੁ ਪੀਆ ਸਾਚੇ ਮਾਤਾ॥*
*ਗੁਰ ਵੀਚਾਰੀ ਅਗਨਿ ਨਿਵਾਰੀ॥ ਅਪਿਉ ਪੀਓ ਆਤਮ ਸੁਖੁ ਧਾਰੀ॥*
*ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ॥ ਨਾਨਕ ਬੂਝੈ ਕੋ ਵੀਚਾਰੀ॥*

*(ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੫)*

ਕੂੜ ਕਪਟ, ਠੱਗੀ ਠੋਰੀ ਵਿਚ ਲੱਗੇ ਹੋਏ ਲੋਕ, ਸੱਚ ਦੀ ਗੱਲ ਨਹੀਂ ਸੁਣ ਸਕਦੇ। ਸੱਚ

ਨੂੰ ਬਿੱਛੂ ਵਾਂਗ ਡੱਸਣ ਵਾਲਾ ਭਾਸਦਾ ਹੈ। ਪਰ ਪਰਮੇਸ਼ਰ ਦੀ ਕਿਰਪਾ ਨਾਲ ਮਨ ਦਾ ਬਦਲ ਜਾਂਦਾ ਹੈ। ਠੱਗੀ ਠੋਰੀ ਛੱਡ ਦਿੰਦਾ ਹੈ। ਫਿਰ ਉਸ ਨੂੰ ਗੁਰ ਉਪਦੇਸ਼ ਵਿਚ ਭਿੱਜਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਫ਼ਰਮਾਨ ਹੈ:

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥*
*ਸਾਕਤ ਕੀ ਬਿਧਿ ਨੈਨਹੁ ਡੀਠੀ॥*
*ਕੂੜਿ ਕਪਟਿ ਅਹੰਕਾਰਿ ਰੀਝਾਨਾ॥*
*ਨਾਮੁ ਸੁਨਤ ਜਨੁ ਬਿਛੂਅ ਡਸਾਨਾ॥*

*(ਰਾਮਕਲੀ ਮ: ੫, ਪੰਨਾ ੮੯੨)*

ਸੱਚ ਦਾ ਰੰਗ ਕਦੇ ਫਿਕਾ ਨਾ ਪੈਣ ਵਾਲਾ, ਉਸ ਨੂੰ ਚੜ੍ਹ ਜਾਂਦਾ ਹੈ। ਸ਼ਬਦ ਗੁਰੂ ਦੀ ਵਿਚਾਰ ਵਿਚੋਂ ਪ੍ਰਾਪਤ ਹੋਣ ਵਾਲਾ ਨਾਮ ਰਸ, ਤ੍ਰਿਸ਼ਨਾ ਦੀ ਅੱਗ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਗੁਰਮੁਖ 'ਅਪਿਉ ਪੀਓ' ਭਾਵ ਅਜਿਹਾ ਅੰਮ੍ਰਿਤ ਰਸੁ ਪੀਂਦਾ ਰਹਿੰਦਾ ਹੈ, ਜਿਸ ਨੂੰ ਬਾਹਰਲੇ ਸਰੀਰ ਦੇ ਮੂੰਹ ਦੁਆਰਾ ਨਹੀਂ ਪੀਤਾ ਜਾ ਸਕਦਾ ਭਾਵ ਜਿਸ ਦੇ ਪੀਣ ਲਈ ਬਾਹਰਲੇ ਸਰੀਰ ਦੇ ਮੂੰਹ ਦੀ ਕੋਈ ਲੋੜ ਨਹੀਂ ਹੁੰਦੀ। ਇਹ ਗੱਲ ਸਤਿਗੁਰੂ ਜੀ ਨੇ ਜਾਣ ਬੁੱਝ ਕੇ ਆਖੀ ਹੈ। ਕਿਉਂਕਿ ਨਕਲੀ ਸੰਤ, ਮੂੰਹ ਨਾਲ ਨਾਮ ਜਪਣ ਦਾ ਭੁਲੇਖਾ ਉਸ ਵੇਲੇ ਭੀ ਖਾ ਰਹੇ ਸਨ ਅਤੇ ਅੱਜ 'ਅਪਿਉ ਪੀਓ' ਕਹਿਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਸਮਝ ਨਹੀਂ ਆਈ। ਜੇ ਗੁਰਬਾਣੀ ਨੂੰ ਈਮਾਨਦਾਰੀ ਨਾਲ ਸਮਝ ਕੇ ਮੰਨ ਲਿਆ ਜਾਵੇ, ਤਾਂ ਫਿਰ ਸਿੱਖੀ ਦੇ ਸਾਰੇ ਸੰਸਾਰ ਅੰਦਰ ਨਾ ਫੈਲਣ ਦਾ ਕੋਈ ਕਾਰਨ ਹੀ ਨਹੀਂ। ਸਿੱਖੀ ਦੇ ਫੈਲਣ ਵਿਚ ਖੜੋਤ ਤਾਂ ਕੇਵਲ ਇਸ ਲਈ ਹੀ ਹੈ ਕਿ ਸਿੱਖਾਂ ਨੂੰ ਹੀ ਗੁਰਮਤਿ ਦੀ ਸਹੀ ਸਮਝ ਨਹੀਂ ਆਈ, ਹੋਰਨਾਂ ਦੀ ਤਾਂ ਗੱਲ ਹੀ ਛੱਡੋ। ਇਕ ਗੱਲ ਜਿਹੜੀ ਕਿ ਅਸੀਂ ਇਥੇ ਲਿਖਣ ਵਿਚ ਅਤਿ ਖੁਸ਼ੀ ਮਹਿਸੂਸ ਕਰਦੇ ਹਾਂ, ਉਹ ਇਹ ਹੈ ਕਿ ਨਵੰਬਰ ੧੯੯੯ ਦੇ 'ਗੁਰਮਤਿ ਪ੍ਰਕਾਸ਼' ਦੀ ਸੰਪਾਦਕੀ ਵਿਚ ਲਿਖਿਆ ਹੈ ਕਿ "ਪਿਛਲੇ ਢਾਈ ਤਿੰਨ ਸੌ ਸਾਲ ਤੋਂ ਸਿੱਖੀ (ਗੁਰਮਤਿ) ਦਾ ਪ੍ਰਚਾਰ ਸਨਾਤਨੀ ਮੱਤ ਦੇ ਪ੍ਰੇਮੀ ਸਿੱਖਾਂ ਨੇ ਦਿਸ਼ਾਹੀਣ ਕਰ ਰੱਖਿਆ ਹੈ।" ਅਸੀਂ ਇਸ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਆਸ ਕਰਦੇ ਹਾਂ ਕਿ 'ਗੁਰਮਤਿ ਪ੍ਰਕਾਸ਼' ਭਵਿੱਖ ਵਿਚ ਨਵੀਆਂ ਪੁਲਾਂਘਾਂ ਪੁੱਟਦਾ ਹੋਇਆ ਬਹੁਤ ਤੇਜ਼ੀ ਨਾਲ ਗੁਰਬਾਣੀ ਦੇ ਸੱਚ ਨੂੰ ਸਮਝ ਕੇ ਦੁਨੀਆਂ ਸਾਹਮਣੇ ਪ੍ਰਗਟ ਕਰ ਦੇਣ ਵਿਚ ਸਫਲ ਹੋਵੇਗਾ। ਤਦ ਹੀ, ਉਪਰੋਕਤ ਪਦੇ ਵਿਚ ਦੱਸੀ ਹੋਈ ਅਵਸਥਾ ਸਿੱਖਾਂ ਦੀ ਬਣ ਸਕੇਗੀ।

ਜਿਹੜੇ ਗੁਰਸਿੱਖ ਗੁਰਮਤਿ ਦਾ ਸਹੀ ਸਰੂਪ ਸਮਝ ਲੈਣਗੇ, ਉਹ ਇਸ ਵਿਚਲੇ ਨਾਮ ਰਸ ਨੂੰ ਪੀ ਕੇ ਆਤਮ ਸੁਖ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਣਗੇ। ਉਸ ਤੋਂ ਪਿਛੋਂ ਹੀ "ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ—ਨਾਨਕ ਬੂਝੈ ਕੋ ਵੀਚਾਰੀ" ਦੀ ਅਵਸਥਾ ਪ੍ਰਾਪਤ ਕਰ ਲੈਣਗੇ। ਉਨ੍ਹਾਂ ਦੇ ਅੰਦਰ ਸੱਚੇ ਨਾਮ (ਸੱਚ) ਦੀ ਭੁੱਖ ਜਾਗੇਗੀ ਅਤੇ ਉਹ ਗੁਰਮੁਖ ਮਾਇਆ ਤੋਂ ਨਿਰਲੇਪ ਹੋ ਕੇ ਭਵਸਾਗਰ ਉੱਪਰ ਤਰਦੇ ਰਹਿਣਗੇ। ਅੰਤ ਵਿਚ ਸਤਿਗੁਰੂ ਜੀ ਆਖ ਰਹੇ ਹਨ ਕਿ ਇਹ ਸਭ ਕੁਝ ਸ਼ਬਦ ਵਿਚਾਰਨ ਉਪਰੰਤ ਹੀ ਸੰਭਵ ਹੈ। ਗੁਰਬਾਣੀ ਦੀ ਗਹਿਰਾਈ ਨਾਲ ਵਿਚਾਰ ਕਰਨ ਨਾਲ ਹੀ ਅਜਿਹੀ ਅਵਸਥਾ ਦੀ ਪ੍ਰਾਪਤੀ ਹੋ ਸਕਦੀ ਹੈ। ■